ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030211
Available online at: www.armaan.org.in
DOI: https://doi.org/10.64119/armaan.vol.3.issue2.11

# KAHANI KLA ATE KULWANT SINGH VIRK: IK VISHLESHNATMIK ADHIYAIN

# ਕਹਾਣੀ ਕਲਾ ਅਤੇ ਕੁਲਵੰਤ ਸਿੰਘ ਵਿਰਕ: ਇੱਕ ਵਿਸ਼ਲੇਸ਼ਣਾਤਮਿਕ ਅਧਿਐਨ

**ਡਾ. ਬੇਅੰਤ ਕੌਰ** (Dr. Beant Kaur)

**ਅਸਿਸਟੈਂਟ ਪ੍ਰੋਫੈਸਰ** (Assistant Professor)

**ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26, ਚੰਡੀਗੜ੍ਹ।**

Email ID: beantkaur016@gmail.com **ਮੋਬਾਈਲ**: +91-99887-94880

**ਸਾਰ (Abstract)**

*ਕਹਾਣੀ ਇਕ ਅਜਿਹੀ ਕਲਾ ਹੈ ਜਿਹੜੀ ਆਦਿ ਕਾਲ ਤੋਂ ਸ਼ੁਰੂ ਹੋ ਕੇ ਮੌਜੂਦਾ ਸਮੇਂ ਵਿਚ ਵੀ ਆਪਣੀ ਨਿਵੇਕਲੀ ਪਛਾਣ ਰੱਖਦੀ ਹੈ। ਕਹਾਣੀ ਸਿਰਫ ਮਨੋਰੰਜਨ ਨਹੀਂ ਕਰਦੀ, ਇਹ ਮਨੁੱਖ ਦੇ ਅੰਦਰ ਦੀ ਸੂਝ-ਬੂਝ ਨੂੰ ਵਧੇਰੇ ਪ੍ਰਫੁਲਿਤ ਕਰਦੀ ਹੈ, ਵਿਵੇਕਸ਼ੀਲ ਅਤੇ ਸੁਹਿਰਦ ਬਣਾਉਂਦੀ ਹੈ। ਏਸੇ ਕਰਕੇ, ਕਹਾਣੀ ਦੀ ਮਹਾਨਤਾ ਅੰਤਰਰਾਸ਼ਟਰੀ ਪੱਧਰ ਦੇ ਸਾਹਿਤ ਅੰਦਰ ਵੀ ਰੂਪਮਾਨ ਹੈ। ਸੋ, ਉਪਰੋਕਤ ਪਰਚੇ ਦਾ ਆਧਾਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ਨੂੰ ਬਣਾਇਆ ਹੈ, ਜਿਸ ਦੀਆਂ ਕਹਾਣੀਆਂ ਜੀਵਨ ਦੀਆਂ ਸਧਾਰਨ ਪ੍ਰਸਥਿਤੀਆਂ ਰਾਹੀਂ ਹੁੰਦੀਆਂ ਹੋਈਆਂ ਜਿੱਥੇ ਵਿਅੰਗਮਈ ਅਤੇ ਗੁੱਝੇ ਅਰਥਾਂ ਵੱਲ ਸੰਕੇਤ ਕਰ ਜਾਂਦੀਆਂ ਹਨ ਉੱਥੇ ਪਾਠਕ ਨੂੰ ਮੁੜ ਤੋਂ ਤਰੋ-ਤਾਜਾ ਕਰ ਜਾਂਦੀਆਂ ਹਨ, ਏਨੀ ਸਰਲਤਾ ਅਤੇ ਸਪੱਸ਼ਟਤਾ ਭਾਵੇਂ ਅੱਜ ਵੀ ਉੱਤਰ-ਅਧੁਨਿਕਤਾ ਅਤੇ ਏ ਆਈ ਟੈਕਨੀਕ ਦੇ ਯੁੱਗ ਵਿਚ ਕਹਾਣੀ ਸਿਖਰਾਂ ਵੱਲ ਵੱਧ ਰਹੀ ਹੈ। ਅਜੋਕੀ ਕਹਾਣੀ ਨਵੇਂ ਦਿਸਹੱਦਿਆਂ ਤੋਂ ਹੁੰਦੀ ਹੋਈ ਬੜੀ ਆਸਮੰਦ ਪ੍ਰਤੀਤ ਹੁੰਦੀ ਹੈ, ਭਾਵ ਕਿ ਕਹਾਣੀ ਦਾ ਭਵਿੱਖ ਉਜਲਾ ਹੈ, ਕਹਾਣੀ ਅੰਦਰਲੀ ਇਕ ਨਵੀਂ ਚੇਤਨਾ ਸੁਚੇਤ-ਅਚੇਤ ਪੱਧਰ ਤੇ ਪਾਠਕ ਨੂੰ ਆਪਣੇ ਨਾਲ ਲੈ ਤੁਰਦੀ ਹੈ। ਇਸ ਕਰਕੇ, ਕਹਾਣੀ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਹੜਾ ਸਮੇਂ ਦੇ ਨਾਲ ਆਪਣੇ ਅੰਦਰ ਅਥਾਹ ਪਰਿਵਰਤਨ ਕਹਿਣ ਦੇ ਅੰਦਾਜ ਵਿਚ ਵਿਸ਼ੇਸ਼ ਬਦਲਾਵ ਲਿਆਇਆ ਉਥੇ ਨਵੀਂ ਚੇਤਨਾ ਅਤੇ ਨਵੇਂ ਦਿੱਸਹੱਦਿਆਂ ਨੂੰ ਉਘਾੜਦਾ, ਉਸਾਰਦਾ, ਸਵਾਰਦਾ ਪ੍ਰਤੀਤ ਹੁੰਦਾ ਹੈ।*

***ਕੀਵਰਡ (Keyword): ਪੰਜਾਬੀ ਸਾਹਿਤ, ਕਹਾਣੀ ਕਲਾ, ਕੁਲਵੰਤ ਸਿੰਘ ਵਿਰਕ, ਪੇਂਡੂ ਜੀਵਨ, ਮਨੁੱਖੀ ਵੇਦਨਾ ਕਦਰਾਂ-ਕੀਮਤਾਂ।***

ਕਹਾਣੀ ਦਾ ਸੰਬੰਧ ਜ਼ਿੰਦਗੀ ਜਾਂ ਜੀਵਨ ਦੇ ਆਦਿ ਨਾਲ ਹੈ, ਕਹਾਣੀ ਸ਼ਬਦ ਦੀ ਉਤਪਤੀ ਕਹਾ+ਣੀ ਧਾਤੂ ਤੋਂ ਹੋਈ ਹੈ, ਜਿਸ ਦਾ ਅਰਥ ਹੈ- ਕਹੇ ਜਾਣ ਵਾਲੀ ਜਾਂ ਕਹਿਣੀ। ਜਿਸ ਦੀ ਉਪਜ ਵੀ ਸਾਡੇ ਆਲੇ-ਦੁਆਲੇ ਤੋਂ ਹੀ ਹੁੰਦੀ ਹੈ, ਜੋ ਕਿ ਇਕ ਕਲਾ ਹੈ। ਦੂਸਰਾ, ਕਹਾਣੀ ਦਾ ਅਰੰਭ ਵੀ ਉਦੋਂ ਤੋਂ ਹੀ ਹੁੰਦਾ ਜਾਪਦਾ ਹੈ ਜਦੋਂ ਤੋਂ ਜੀਵਨ ਦੀ ਸ਼ੁਰੂਆਤ ਹੋਈ ਹੈ। ਭਾਵ ਕਹਾਣੀ ਜਾਂ ਕਥਾ ਪਹਿਲਾ- ਪਹਿਲ ਸੁਣਾਏ ਜਾਣ ਵਾਲੀ ਚੀਜ਼ ਸੀ, ਅਜਿਹੀ ਘਟਨਾ, ਵਾਰਤਾ ਜਾਂ ਵਿਥਿਆ ਜਿਹੜੀ ਹੋ ਚੁੱਕੀ ਹੈ ਜਾਂ ਬੀਤ ਚੁੱਕੀ ਹੈ ਭਾਵ ਵਾਪਰੀ ਹੋਈ ਘਟਨਾ ਆਦਿ ਨੂੰ ਕਿਸੇ ਕਾਲਪਨਿਕਤਾ ਦੇ ਸਹਾਰੇ ਕਿਸੇ ਵਿਆਕਤੀ ਵਿਸ਼ੇਸ਼ ਦੁਆਰਾ ਹੋਰਨਾਂ ਨੂੰ ਸੁਣਾਏ ਜਾਣਾ ਆਦਿ ਨੇ ਹੀ ਸਮਾਂ ਬੀਤਣ ਉਪਰੰਤ ਕਥਾ ਰੂਪ ਲੈ ਲਿਆ। ਦੰਤ ਕਥਾਵਾਂ, ਪਰੀ ਕਥਾਵਾਂ ਜਨੌਰ ਕਥਾਵਾਂ ਆਦਿ ਸਮੁੱਚੀਆਂ ਲੋਕ ਕਥਾਵਾਂ ਦਾ ਮੁੱਢ ਇਥੋਂ ਹੀ ਬੱਝਾ। ਇਸੇ ਕਰਕੇ, ਸਾਹਿਤ ਦੇ ਦੂਸਰੇ ਰੂਪਾਂ ਦੇ ਮੁਕਾਬਲੇ ਜਿੱਥੇ ਕਹਾਣੀ ਸਾਹਿਤ ਦਾ ਸਭ ਤੋਂ ਪੁਰਾਣਾ ਰੂਪ ਹੈ, ਉੱਥੇ ਇਹ ਆਪਣੇ ਆਪ ਵਿਚ ਸਰਲ ਅਤੇ ਲੋਕ ਪ੍ਰਿਯਾ ਰੂਪ ਵੀ ਹੈ। ਤੀਸਰਾ, ਸੰਸਾਰ ਭਰ ਦੀਆਂ ਕਹਾਣੀਆਂ ਦਾ ਜੇਕਰ ਆਰੰਭਕ ਰੂਪ ਗਹੁ ਨਾਲ ਵੇਖਿਆ ਜਾਵੇ, ਤਾਂ ਤਕਰੀਬਨ ਇਕੋ ਜਿਹਾ ਹੀ ਸਪੱਸ਼ਟ ਹੁੰਦਾ ਹੈ, ਇਸ ਦੇ ਮੁਕਾਬਲੇ ਇਹ ਕਹਿਣ ਵਿਚ ਵੀ ਸੰਕੋਚ ਨਹੀਂ ਕਿ ਕਹਾਣੀ ਨੂੰ ਲਿਖਣ ਦੀ ਕਲਾ ਦਾ ਰਿਵਾਜ਼ ਪੂਰਨ ਤੌਰ ਤੇ ਆਧੁਨਿਕਤਾ ਦੀ ਦੇਣ ਕਿਹਾ ਜਾ ਸਕਦਾ ਹੈ ਜਿਹੜਾ ਕਿ ਸਾਹਿਤ ਦੇ ਹੋਰਨਾਂ ਰੂਪਾਂ ਨਾਲੋਂ ਵਧੇਰੇ ਮਕਬੂਲ ਵੀ ਹੈ।

ਜੇਕਰ ਪੰਜਾਬ ਦੀ ਗੱਲ ਕਰੀਏ, ਪੰਜਾਬ ਦੇਸ਼ ਦਾ ਸੱਭਿਆਚਾਰ, ਸੰਸਕ੍ਰਿਤੀ ਅਤੇ ਭਾਸ਼ਾ ਵਿਭਿੰਨ ਪ੍ਰਕਾਰ ਦੀ ਹੈ, ਜਿਵੇਂਕਿ ਸਮੇਂ-ਸਮੇਂ ਉੱਤੇ, ਇੱਥੇ ਧਾੜਵੀਂ, ਹਮਲਾਵਰ ਅਤੇ ਰਾਜ ਕਰਨ ਵਾਲੇ ਵੱਖ-ਵੱਖ ਮੁਲਕਾਂ ਤੋਂ ਆਏ, ਸੋ ਇਥੇ ਤਬਦੀਲੀਆਂ ਅਤੇ ਵਖਰੇਵਿਆਂ ਦਾ ਇਤਿਹਾਸ ਹੈ, ਜਿੱਥੋਂ ਆਧੁਨਿਕਤਾ

 Received: 15 May 2025 Accepted: 05 June 2025 Published: 13 June 2025

ਦੇ ਸੰਕਲਪ ਨੇ ਜਨਮ ਲਿਆ। ਇਸ ਤਰ੍ਹਾਂ, ਪ੍ਰਾਚੀਨਤਾ ਤੋਂ ਆਧੁਨਿਕਤਾ ਦਾ ਸਫ਼ਰ ਤਹਿ ਕਰਦਿਆਂ ਰਵਾਇਤੀ ਕਹਾਣੀ ਦੇ ਸਨਮੁੱਖ ਆਧੁਨਿਕ ਪੰਜਾਬੀ ਕਹਾਣੀ ਦਾ ਵੀ ਆਪਣਾ ਨਿਵੇਕਲਾ ਇਤਿਹਾਸ ਹੈ। ਇਸ ਦੇ ਪਹਿਲੇ ਪੜਾਅ ਵਿਚ ਸੁਧਾਰਵਾਦੀ, ਆਦਰਸ਼ਵਾਦੀ ਕਹਾਣੀਆਂ ਦੀ ਵਧੇਰੇ ਰਚਨਾ ਹੋਈ। ਇਸ ਦੌਰਾਨ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਭਾਈ ਵੀਰ ਸਿੰਘ, ਹੀਰਾ ਸਿੰਘ ਦਰਦ, ਗੁਰਮੁੱਖ ਸਿੰਘ ਮੁਸਾਫ਼ਿਰ ਅਤੇ ਨਾਨਕ ਸਿੰਘ ਆਦਿ ਅਨੇਕਾਂ ਲੇਖਕਾਂ ਦੀ ਸ਼ਲਾਘਾ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ, ਕਹਾਣੀ ਦੇ ਦੂਜੇ ਅਤੇ ਤੀਜੇ ਦੌਰ ਅੰਦਰ, ਕਈ ਪ੍ਰਸਿੱਧ ਰਸਾਲੇ, ਪੱਤਰਕਾਵਾਂ ਅਤੇ ਮੈਗਜ਼ੀਨਾਂ ਨੇ ਕਹਾਣੀ ਦੇ ਵਿਕਾਸ ਪੜਾਅ ਨੂੰ ਹੋਰ ਵੀ ਵਧੇਰੇ ਕਰਕੇ ਨਿਖਾਰਿਆ ਅਤੇ ਸੁਆਰਿਆ। ਅਜਿਹੇ ਕਾਰਨਾਂ ਕਰਕੇ, ਆਪਣੇ ਚੌਥੇ ਪੜਾਅ ਉੱਥੇ ਪੰਜਾਬੀ ਕਹਾਣੀ ਇਕ ਨਵੀਂ ਚੇਤਨਾ ਨਾਲ ਜੁੜ ਗਈ। ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਸੁਖਬੀਰ, ਗੁਰਚਰਨ ਸਿੰਘ ਆਦਿ ਤੋਂ ਇਲਾਵਾ ਦਰਜਨਾਂ ਨਾਂਅ ਹੋਰ ਵੀ ਅਜਿਹੇ ਹੋਣਗੇ, ਜਿੰਨਾਂ ਨੂੰ ਇਸ ਖੇਤਰ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਪਰੰਤੂ ਅੱਜ ਦੇ ਇਸ ਪਰਚੇ ਦਾ ਸਿੱਧਾ ਸੰਬੰਧ ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ਨਾਲ ਹੈ। ਜਿਹੜਾ ਕਿ ਪੰਜਾਬ ਦਾ ਪ੍ਰਸਿੱਧ ਕਹਾਣੀਕਾਰ ਹੈ।

20 ਮਈ 1921 ਈ. ਨੂੰ ਪਿਤਾ ਸਰਦਾਰ ਆਸਾ ਸਿੰਘ ਵਿਰਕ ਦੇ ਘਰ ਮਾਤਾ ਸਰਦਾਰਨੀ ਈਸ਼ਰ ਕੌਰ ਚੱਠਾ ਦੀ ਕੁੱਖੋਂ ਪਿੰਡ ਫੁੱਲਰਵਨ ਜ਼ਿਲ੍ਹਾਂ ਸ਼ੇਖੂਪੁਰਾ (ਪਾਕਿਸਤਾਨ ) ਵਿਚ ਕੁਲਵੰਤ ਸਿੰਘ ਵਿਰਕ ਦਾ ਜਨਮ ਹੋਇਆ। ਲੇਖਕ ਨੇ ਪਿੰਡ ਦੇ ਪ੍ਰਇਮਰੀ ਸਕੂਲ ਤੋਂ ਪੜ੍ਹਾਈ ਸ਼ੁਰੂ ਕਰਕੇ ਅੰਗਰੇਜ਼ੀ ਦੀ ਐਮ. ਏ. ਸਨ 1942 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ ਅਤੇ ਬਾਅਦ ਵਿਚ ਲਹੌਰ ਦੇ ਲਾਅ ਕਾਲਜ ਤੋਂ ਬਕਾਲਤ ਵੀ ਪਾਸ ਕੀਤੀ। ਕੁਲਵੰਤ ਸਿੰਘ ਵਿਰਕ ਨੂੰ ਕਹਾਣੀ ਕਲਾ ਦੇ ਖੇਤਰ ਵਿਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੋਣ ਦਾ ਮਾਣ ਹਾਸਿਲ ਹੈ ਅਤੇ ਕਈ ਵਾਰ ਤਾਂ ਪੰਜਾਬੀ ਨਿੱਕੀ ਕਹਾਣੀ ਦਾ ਚੈਖਵ ਵੀ ਕਿਹਾ ਜਾਂਦਾ ਹੈ। ਜਿਹੜਾ ਕਿ ਇਹ ਵੀ ਸਾਬਤ ਕਰਦਾ ਹੈ ਕਿ ਵਿਰਕ ਦੀਆਂ ਕਹਾਣੀਆਂ ਅੰਤਰ-ਰਾਸ਼ਟਰੀ ਪੱਧਰ ਦੀਆਂ ਹਨ।

ਕੁਲਵੰਤ ਸਿੰਘ ਵਿਰਕ ਨੇ ਪੜ੍ਹਾਈ ਪੂਰੀ ਕਰਨ ਉਪਰੰਤ ਆਪਣੇ ਅਗਲੇ ਸਫ਼ਰ ਦੀ ਸ਼ੁਰੂਆਤ ਸਨ 1942 ਵਿਚ ਬਤੌਰ ਲੈਫ਼ੀਨੈਂਟ ਫੌਜ਼ ਵਿਚ ਭਰਤੀ ਹੋ ਕੇ ਕੀਤੀ। ਭਾਰਤ ਪਾਕਿਸਤਾਨ ਵੰਡ ਉਪਰੰਤ ਲੋਕ ਯਾਨ ਅਫ਼ਸਰ ਦੀਆਂ ਸੇਵਾਵਾਂ ਨਿਭਾਈਆਂ, ਜਿੱਥੇ ਕਿ ਉਹਨਾਂ ਦਾ ਕੰਮ ਦੰਗਿਆਂ ਕਾਰਨ ਪਾਕਿਸਤਾਨ ਰਹਿ ਗਈਆਂ ਔਰਤਾਂ ਨੂੰ ਹਿੰਦੂਸਤਾਨ ਲਿਆਉਣਾ ਸੀ। ਵਿਸ਼ੇਸ਼ ਤੌਰ ਤੇ ਜਿਕਰਯੋਗ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਿਛਲੇ ਦਿਨਾਂ ਵਿਚ ਸੰਨਤਾਲੀ ਵਰਗੇ ਹਾਲਾਤ ਮੁੜ ਬਣਦੇ ਪ੍ਰਤੀਤ ਹੋਏ, ਨਿੱਕੇ ਨੰਨੇ ਬੱਚਿਆਂ ਨੂੰ ਆਪਣੇ ਤੋਂ ਵੱਖ ਕਰ ਕੇ ਸਦਾ ਲਈ ਦੂਸਰੇ ਦੇਸ਼ ਜਾਣ ਵਾਲੀਆਂ ਮਾਵਾਂ ਦੇ ਦਿਲਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਉੱਤੇ ਕੀ ਬੀਤਦੀ ਹੋਣੀ, ਰੋਂਦੀਆਂ ਕੁਰਲਾਉਂਦੀਆਂ ਰੂਹਾਂ ਨਾਲ ਬੇਸ਼ੱਕ ਉਹ ਦੂਸਰੇ ਦੇਸ਼ ਚਲੀਆਂ ਜਾਂਦੀਆਂ ਹਨ..., ਹਾੜ੍ਹਾ! ਰੱਬ ਦਾ ਵਾਸਤਾ! ਇਹੋ-ਜਿਹੀਆਂ ਜੰਗਾਂ ਤਾਂ ਕਦੇ ਵੀ ਨਾ ਲੱਗਣ, ਕਿਉਂਕਿ ਜੰਗਾਂ ਇਹੋ-ਜਿਹੇ ਮਸਲੇ ਕਦੇ ਹੱਲ ਨਹੀਂ ਕਰਦੀਆਂ। ਉਦੋਂ ਇਹ ਜ਼ਿੰਮੇਵਾਰੀ ਉਪਰੰਤ ਕੁਲਵੰਤ ਸਿੰਘ ਵਿਰਕ ਲੋਕ ਸੰਪਰਕ ਅਫ਼ਸਰ ਵੀ ਰਹੇ ਅਤੇ ਉਦੋਂ ਹੀ ਉਹਨਾਂ ਦਾ ਵਿਆਹ ਬੀਬੀ ਹਰਬੰਸ ਕੌਰ ਨਾਲ ਹੋਇਆ। ਉਹਨਾਂ ਭਾਰਤ ਸਰਕਾਰ ਦੇ ਸੂਚਨਾ ਮਹਿਕਮੇ ਵਿਚ ਵੀ ਇਨਫ਼ਰਮੈਸ਼ਨ ਅਫ਼ਸਰ ਵਜੋਂ ਨੌਕਰੀ ਕੀਤੀ ਅਤੇ ਕੁਝ ਸਮਾਂ ਸੰਤਾਨ ਸੰਜਮ ਵਿਭਾਗ ਵਿਚ ਵੀ ਆਪਣੀਆਂ ਸੇਵਾਵਾਂ ਦਿੱਤੀਆਂ। ਫਿਰ ਉਹ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਜਾਇੰਟ ਡਾਇਰੈਕਟਰ ਸੂਚਨਾ ਬਣ ਗਏ। ਅਖੀਰ, ਉਹ ਪ੍ਰੈਸ ਸਕੱਤਰ ਮੁੱਖ ਮੰਤਰੀ ਪੰਜਾਬ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਆਪਣੇ ਉਪਰੋਕਤ ਸਫ਼ਰ ਦੌਰਾਨ ਉਹ ਸਰਕਾਰੀ ਰਸਾਲਿਆਂ ਐਂਡਵਾਂਸ ਅਤੇ ਜਾਗ੍ਰਿਤੀ ਦੇ ਸੰਪਾਦਕ ਵੀ ਰਹੇ। ਬੇਸ਼ੱਕ, ਕੁਲਵੰਤ ਸਿੰਘ ਵਿਰੱ ਭਰਪੂਰ ਜ਼ਿੰਦਗੀ ਨੂੰ ਅਲਵਿਦਾ ਕਹਿੰਦਿਆਂ ਅਕਾਲ ਚਲਾਣਾ ਕਰ ਗਏ, ਪਰੰਤੂ ਕਹਾਣੀ ਕਲਾ ਦੇ ਖੇਤਰ ਵਿਚ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਅੱਜ ਵੀ ਸਾਹਿਤਕ ਜੀਵਨ ਨੂੰ ਜਿਉਂਦਾ ਆ ਰਿਹਾ ਹੈ, ਜਿਸ ਦੀ ਸਾਖੀਂ ਉਹਦੀਆਂ ਕਹਾਣੀਆਂ ਆਪ ਹਨ। ਜਿਹੜੀਆਂ ਅੱਜ ਵੀ ਜਿਉਂ ਦੀਆਂ ਤਿਉਂ ਹੀ ਚਰਚਿਤ ਅਤੇ ਮਕਬੂਲ ਹਨ।

ਕੁਲਵੰਤ ਸਿੰਘ ਵਿਰਕ ਦੇ ਨੌਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ। ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ- 'ਛਾਹ ਵੇਲਾ' (1950), 'ਧਰਤੀ ਤੇ ਆਕਾਸ਼' (1951), 'ਤੂੜੀ ਦੀ ਪੰਡ' (1954), 'ਏਕਸ ਕੇ ਹਮ ਬਾਰਿਕ' (1955), 'ਦੁੱਧ ਦਾ ਛੱਪੜ' (1958), 'ਦੁਆਦਸ਼ੀ' (1958) (ਦੁਆਦਸ਼ੀ ਕਹਾਣੀ ਸੰਗ੍ਰਹਿ ਡਾ. ਅਤਰ ਸਿੰਘ ਦੁਆਰਾ ਸੰਪਾਦਿਤ ਕਰਵਾਇਆ ਗਿਆ), 'ਗੋਲ੍ਹਾਂ' (1961), 'ਨਵੇਂ ਲੋਕ' 1967) (ਸਾਹਿਤ ਅਕਾਦਮੀ ਵੱਲੋਂ ਨਵੀਂ ਦਿੱਲੀ ਵੱਲੋਂ ਸਨਮਾਨਿਤ), 'ਅਸਤਬਾਜ਼ੀ' (1984).

ਕੁਲਵੰਤ ਸਿੰਘ ਵਿਰਕ ਨੇ ਆਪਣੀ ਪਹਿਲੀ ਕਹਾਣੀ 'ਚਾਚਾ' ਸੰਨ 1944-45 ਵਿਚ ਲਿਖੀ। ਜਿਸ ਦੀ ਪ੍ਰੇਰਨਾ ਉਸ ਨੂੰ ਇਕ ਛੜੇ ਫ਼ੌਜੀ ਸੰਬੰਧੀ ਲਿਖੀ ਗਈ ਕਹਾਣੀ ਤੋਂ ਮਿਲੀ ਸੀ ਪਰ ਲੇਖਕ ਨੇ ਆਪਣੀ ਕਹਾਣੀ ਦੇ ਨਾਇਕ ਨੂੰ ਆਪਣੇ ਪੇਂਡੂ ਅਨੁਭਵ ਵਿਚੋਂ ਚੁਣਿਆ। ਭਾਵੇਂ ਇਹ ਕਹਾਣੀ ਲੇਖਕ ਦੀ ਪਹਿਲੀ ਕਹਾਣੀ ਸੀ ਪਰੰਤੂ ਚਰਚਿਤ ਅਤੇ ਪ੍ਰਤੀਨਿਧ ਕਹਾਣੀ ਬਣ ਗਈ, ਕਿਉਂਕਿ ਇਹ ਇਕ ਉਹਦੇ ਆਪਣੇ ਨਿੱਜੀ ਅਨੁਭਵ ਦੇ ਅੰਤਰਗਤ ਪੇਂਡੂ ਜੀਵਨ ਦੀ ਡੂੰਘਾਈ ਨਾਲ ਕੀਤੀ ਪੇਸ਼ਕਾਰੀ ਦਾ ਵੱਡਮੁੱਲਾ ਯਤਨ ਹੈ। ਇਸ ਤੋਂ ਪਿੱਛੋਂ ਉਹਨਾਂ ਨੇ ਪੰਜਾਬੀ ਵਿਚ ਲਗਾਤਾਰ ਕਹਾਣੀਆਂ ਲਿਖੀਆਂ। ਵਿਰਕ ਪੰਜਾਬੀ ਦਾ ਇਕ ਅਜਿਹਾ ਕਹਾਣੀਕਾਰ ਹੈ ਜਿਸਦਾ ਨਿੱਜੀ ਅਨੁਭਵ ਨਿਰਾ ਪੇਂਡੂ ਹੀ ਨਹੀਂ ਬਲਕਿ ਸ਼ਹਿਰੀ ਅਨੁਭਵ ਵੀ ਭਰਪੂਰ ਹੈ। ਇਹ ਇਕ ਵੱਖਰੀ ਗੱਲ ਹੈ ਕਿ ਲੇਖਕ ਕਈ ਵਾਰ ਸ਼ਹਿਰੀ ਅਨੁਭਵ ਵਿਚੋਂ ਉਭਰੇ ਕਿਸੇ ਖਿਆਲ ਨੂੰ ਵੀ ਪੇਂਡੂ ਵਾਤਾਵਰਨ ਵਿਚ ਰੱਖ ਕੇ ਪੇਸ਼ ਕਰਦਾ ਹੈ। ਅਜਿਹੀ ਸੋਝੀ ਨੇ ਹੀ ਲੇਖਕ ਨੂੰ ਇਕ ਪ੍ਰਤਿਭਾਸ਼ੀਲ ਕਹਾਣੀਕਾਰ ਵਾਲੇ ਗੁਣਾਂ ਦਾ ਧਾਰਨੀ ਬਣਾਇਆ। ਅਪਣੀ ਕਹਾਣੀ ਵਾਰੇ ਕੁਲਵੰਤ ਸਿੰਘ ਵਿਰਕ ਦਾ ਕਹਿਣਾ ਹੈ ਕਿ –

> *"ਮੇਰੀਆਂ ਕਹਾਣੀਆਂ ਵਿਚ ਇਕ ਮੋਟੀ ਗੱਲ ਇਹ ਹੈ ਕਿ ਇਨ੍ਹਾਂ ਦਾ ਪਿੰਡਾ ਪੁਰਾਣੀਆਂ ਯਾਦਾਂ ਹਨ। ਛੋਟੇ ਹੁੰਦੇ ਤੋਂ ਲੈ ਕੇ ਹੁਣ ਤੱਕ ਜੋ ਜੀਵਨ ਮੈਂ ਜੀਵਿਆ ਹੈ, ਉਸ ਵਿਚਲੀਆਂ ਘਟਨਾਵਾਂ ਤੇ ਵਾਪਰੀਆਂ ਬਾਰੇ ਮੈਨੂੰ ਜੋ ਕੁਝ ਯਾਦ ਹੈ ਉਹ ਮੇਰੀਆਂ ਕਹਾਣੀਆਂ ਵਿਚ ਆਉਂਦਾ ਹੈ।"*[1]

ਇਸ ਤਰ੍ਹਾਂ, ਵਿਰਕ ਦੀ ਕਹਾਣੀ ਕਲਾ ਇਨ੍ਹਾਂ ਯਾਦਾਂ ਦੇ ਅਰਥਾਂ ਨੂੰ ਉਘਾੜਨਾ ਹੈ, ਜਿਥੇ ਜੀਵਨ ਦੀਆਂ ਸਧਾਰਨ ਪ੍ਰਸਥਿਤੀਆਂ ਕਹਾਣੀ ਵਿਚ ਪੇਸ਼ ਹੋ ਕੇ ਵਿਅੰਗਆਤਮਿਕ ਅਤੇ ਗੁੱਝੇ ਅਰਥਾਂ ਵੱਲ ਸੰਕੇਤ ਕਰ ਜਾਂਦੀਆਂ ਹਨ। ਸੁਰਜੀਤ ਸਿੰਘ ਭੱਟੀ ਅਨੁਸਾਰ,

> *ਕੁਲਵੰਤ ਸਿੰਘ ਵਿਰਕ ਦੀ ਖੂਬੀ ਇਹ ਵੀ ਹੈ ਕਿ ਲੇਖਕ ਨੇ ਆਪਣੀਆਂ ਕਈ ਕਹਾਣੀਆਂ ਵਿਚ ਮਨੁੱਖ ਦੇ ਬੜੇ ਸੂਖਮ ਜਜ਼ਬੇ ਅਤਿਅੰਤ ਖੂਬਸੂਰਤੀ ਨਾਲ ਰੂਪਮਾਨ ਕੀਤੇ ਹਨ। ਉਹਦੀਆਂ ਕਹਾਣੀਆਂ 'ਮੁਰਦੇ ਦੀ ਤਾਕਤ', 'ਖੱਬਲ' ਅਤੇ 'ਮੈਨੂੰ ਜਾਨਣੈਂ' ਨੂੰ ਇਸ ਦ੍ਰਿਸ਼ਟੀ ਤੋਂ ਵਿਚਾਰਿਆ ਜਾ ਸਕਦਾ ਹੈ। "ਮਹਾਨ ਲੇਖਕ ਅਪਣੇ ਯੁੱਗ ਦੀਆਂ ਘਟਨਾਵਾਂ ਅਤੇ ਤਬਦੀਲੀਆਂ ਤੋਂ ਬੇਲਾਗ ਨਹੀਂ ਰਹਿ ਸਕਦਾ, ਮਿਲਟਨ ਨੇ ਆਪਣੇ ਯੁੱਗ ਦੀਆਂ ਘਟਨਾਵਾਂ ਵਿਚ ਸੰਭਵ ਹਿੱਸਾ ਲਿਆ।*"[2]

ਕੁਲਵੰਤ ਸਿੰਘ ਵਿਰਕ ਆਸ਼ਾਵਾਦੀ ਕਹਾਣੀਕਾਰ ਹੈ, ਉਸ ਨੂੰ ਜੀਵਨ ਵਿਕਾਸ ਦੀਆਂ ਲੀਹਾਂ ਦ੍ਰਿਸ਼ਟਮਾਨ ਹੁੰਦੀਆਂ ਹਨ, ਜਿਸ ਬਾਰੇ ਖੁਦ ਕੁਲਵੰਤ ਸਿੰਘ ਵਿਰਕ ਦਾ ਕਹਿਣਾ ਹੈ ਕਿ

> *"ਜਿਸ ਨਵੀਂ ਸਭਿਅਤਾ ਨੂੰ ਅਸੀਂ ਆਪਣੇ ਟੈਂ ਵਿਚ ਪਛਮੀ ਸਭਿਅਤਾ ਦਾ ਨਾਂ ਦਿੱਤਾ ਹੋਇਆ ਹੈ ਉਹ ਮੈਨੂੰ ਬਹੁਤ ਖਿੱਚ ਪਾਂਦੀ ਹੈ। ਮੈਂ ਇਸ ਵਲ ਚੁਖੁਰੀਆਂ ਭਜਣਾ ਚਾਹੁੰਦਾ ਹਾਂ। ਮੈਂ ਇਸ ਨੂੰ ਕਿਸੇ ਇਕ ਦੇਸ਼ ਦੀ ਜਾਂ ਕੁਝ ਦੇਸ਼ਾਂ ਦੀ ਸਭਿਅਤਾ ਨਹੀਂ ਸਮਝਦਾ ਇਹ ਮਨੁੱਖਤਾ ਦੇ ਪੰਧ ਦੇ ਸ਼ਾਹਰਾਹ ਉਤੇ ਇਕ ਵੱਡਾ ਪੜਾ ਹੈ। ਜਿਹੜੇ ਦੇਸ਼ ਇਸ ਵੱਲ ਪਹਿਲਾ ਟੁਰ ਪਏ ਉਹ ਇਸ ਪੜਾ ਨੂੰ ਆਪਣੇ ਨਾਂ ਨਹੀਂ ਲਿਖਵਾ ਸਕਦੇ ਤੇ ਨਾ ਹੀ, ਸਾਡੇ, ਪਿਛੋਂ ਟੁਰਿਆਂ ਲਈ ਇਹ ਪੜਾ ਬਗਾਨਾ ਹੈ। ਇਸ ਦੇ ਮੋਟੇ ਲਛਣ ਸਾਇੰਸ ਦਾ ਲੋਕਾਂ ਦੇ ਰੋਜ਼ ਦੇ ਕੰਮਾਂ ਵਿਚ ਤੇ ਖਿਆਲਾਂ ਵਿਚ ਵੜਨਾ, ਲੋਕਾਂ ਦਾ ਆਪਣੇ ਆਮ ਜੀਵਨ ਦੀਆਂ ਗੁੰਝਲਾਂ ਲਾਹ ਸੁਟਣੀਆਂ ਤੇ ਇਸਤਰੀਆਂ ਦਾ ਸਿੱਧੇ ਹੋ ਕੇ ਖਲੋਣਾ ਹੈ।"* [3]

ਵਿਗਿਆਨ ਦੀਆਂ ਨਵੀਂਆਂ ਖੋਜਾਂ ਨੇ ਜਿੱਥੇ ਸਥੂਲ ਪੱਧਰ ਉੱਤੇ ਭੌਤਿਕ ਜੀਵਨ ਨੂੰ ਅਨੰਦਮਈ ਬਣਾਇਆ, ਉੱਥੇ ਮਾਨਸਿਕ ਪੱਧਰ ਉੱਤੇ ਵੀ ਸੂਖਮਭਾਵੀਂ ਤਬਦੀਲੀਆਂ ਦਾ ਵੀ ਵੱਡਾ ਪੱਧਰ ਸਪੱਸ਼ਟ ਹੋ ਰਿਹਾ ਹੈ। ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ 'ਸ਼ੇਰਨੀਆਂ' ਅਤੇ 'ਨਮਸਕਾਰ' ਨੂੰ ਉਪਰੋਕਤ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾ ਸਕਦਾ ਹੈ। ਜਿੱਥੇ ਵਿਕਾਸ ਦੀਆਂ ਲੀਹਾਂ ਉੱਤੇ ਦੇਸ਼ ਅੰਦਰ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੀਆਂ ਕੁੜੀਆਂ ਲੇਖਕ ਨੂੰ ਸ਼ੇਰਨੀਆਂ ਜਾਪਦੀਆਂ ਹਨ, ਉੱਥੇ ਵੱਖਰਤਾ, ਸੁੰਦਰਤਾ ਨੇ ਇਸ ਹੱਦ ਤੱਕ ਟੁੰਬਿਆ ਹੈ ਕਿ ਅਪਣੇ ਅਨੁਭਵੀਂ ਅਰਥਾਂ ਰਾਹੀਂ ਲੇਖਕ ਨੂੰ ਸੁੰਦਰ ਇਸਤਰੀ 'ਨਮਸਕਾਰ' ਕਹਾਣੀ ਵਿਚ ਨਵੇਂ ਪੰਜਾਬ ਦਾ ਚਿੰਨ੍ਹ ਪ੍ਰਤੀਤ ਹੋਣ ਲੱਗਦੀ ਹੈ।

ਸੋ, ਕੁਲਵੰਤ ਸਿੰਘ ਵਿਰਕ ਸੁਹਿਰਦ, ਉਤਸੁਕਤਾ ਭਰਪੂਰ ਅਤੇ ਸਪੱਸ਼ਟਤਾਵਾਦੀ ਕਹਾਣੀਕਾਰ ਹੈ। ਜਿਸ ਨੇ ਅਪਣੀਆਂ ਕਹਾਣੀਆਂ ਵਿਚਲੇ ਪਾਤਰਾਂ ਦੀ ਚੋਣ ਵੀ ਖਾਸ ਕਰਕੇ ਸਧਾਰਨ ਜੀਵਨ ਵਿਚੋਂ ਹੀ ਕੀਤੀ। ਇਸੇ ਕਰਕੇ ਹੀ, ਉਹਦੀਆਂ ਕਹਾਣੀਆਂ ਦੇ ਮੁੱਖ ਪਾਤਰ ਅਪਣੇ ਦਾਇਰੇ ਵਿਚ ਸਦਾ ਸੰਪੂਰਨ ਅਤੇ ਸੁਹਿਰਦ ਹੁੰਦੇ ਹਨ। 'ਤੂੜੀ ਦੀ ਪੰਡ' ਅਤੇ 'ਉਜਾੜ' ਕਹਾਣੀਆਂ ਨੂੰ ਇਸ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾ ਸਕਦਾ ਹੈ। ਇਸ ਤਰ੍ਹਾਂ, ਲੇਖਕ ਦੀਆਂ ਕਹਾਣੀਆਂ ਸਧਾਰਨ ਜੀਵਨ ਦੀ ਵੰਨ-ਸੁਵੰਨਤਾ ਦਾ ਬੋਧ ਹੀ ਨਹੀਂ

ਕਰਵਾਉਂਦੀਆਂ ਸਗੋਂ ਪਾਠਕ ਦੀ ਸੂਝ ਦਾ ਸੁਖਮਭਾਵੀਂ ਵਿਸਥਾਰ ਵੀ ਕਰਦੀਆਂ ਹਨ। ਕਹਾਣੀ ਵਿਚ ਲੇਖਕ ਤਾਂ ਆਪਣੀ ਸੂਝ-ਬੂਝ ਅਤੇ ਅਨੁਭਵ ਦੇ ਸਹਾਰੇ ਪਾਤਰ-ਚਿਤਰਨ ਕਰਦਾ ਚਲਿਆ ਜਾਂਦਾ ਹੈ ਪਰ ਲਿਖਣ ਢੰਗ ਅਜਿਹਾ ਕਮਾਲ ਦਾ ਹੁੰਦਾ ਹੈ ਕਿ ਲੇਖਕ ਦੇ ਥੋੜ੍ਹੇ ਜਿਹੇ ਵਾਕਾਂ ਰਾਹੀਂ ਹੀ ਪਾਤਰ ਦੀ ਸਰਵਪੱਖੀ ਸਖਸ਼ੀਅਤ ਸਾਹਮਣੇ ਆ ਜਾਂਦੀ ਹੈ। ਜਿਵੇਂ 'ਧਰਤੀ ਹੇਠਲਾ ਬੋਲਦ' ਕਹਾਣੀ ਵਿਚ ਮਾਨਵੀਂ ਕਦਰਾਂ ਕੀਮਤਾਂ ਦੇ ਮੁਜਸ਼ਮੇ ਵਜੋਂ ਬਾਪੂ ਦੇ ਪਾਤਰ ਦੀ ਪੇਸ਼ਕਾਰੀ ਇਸ ਦ੍ਰਿਸ਼ਟੀਕੋਣ ਤੋਂ ਅਤਿਅੰਤ ਵਿਸ਼ੇਸ਼ ਰਹੀ ਹੈ। ਵਿਰਕ ਦੀਆਂ ਵਧੇਰੇ ਕਹਾਣੀਆਂ ਦੇ ਸਿਰਲੇਖ ਵੀ ਵਿਸ਼ੇਸ਼ ਕਰਕੇ ਪ੍ਰਤੀਕਮਈ ਹੋ ਨਿਬੜਦੇ ਹਨ, 'ਮੁਰਦੇ ਦੀ ਤਾਕਤ', 'ਖੱਬਲ', 'ਉਜਾੜ', 'ਉਲ੍ਹਾਮਾ', 'ਤੂੜੀ ਦੀ ਪੰਡ' ਅਤੇ 'ਮੈਨੂੰ ਜਾਨਣੈਂ' ਇਥੇ ਵਿਸ਼ੇਸ਼ ਰੂਪ ਵਿਚ ਜ਼ਿਕਰ ਯੋਗ ਪ੍ਰਤੀਤ ਹੁੰਦੇ ਹਨ। ਬਿਕਰਮ ਸਿੰਘ ਘੁੰਮਣ ਨੂੰ ਕੁਲਵੰਤ ਵਿਰਕ ਦੀਆਂ ਕਹਾਣੀਆਂ ਵਿਚ ਮਨੋਵਿਗਿਆਨਿਕ ਸੂਝ ਦਾ ਵਧੇਰੇ ਪ੍ਰਗਟਾਵਾ ਦ੍ਰਿਸ਼ਟੀਗੋਚਰ ਹੋਇਆ ਹੈ, ਜਿਸ ਦਾ ਹਵਾਲਾ ਪੇਸ਼ ਕਰਨਾ ਇਥੇ ਠੀਕ ਰਹੇਗਾ –

> *"ਕੁਲਵੰਤ ਸਿੰਘ ਵਿਰਕ ਯਥਾਰਥਵਾਦੀ ਕਹਾਣੀਕਾਰ ਹੁੰਦਾ ਹੋਇਆ ਵਧੇਰੇ ਮਾਨਵਵਾਦੀ ਹੋ ਗਿਆ ਹੈ। ਪੇਂਡੂ ਜੀਵਨ ਅਤੇ ਆਧੁਨਿਕ ਜ਼ਿੰਦਗੀ ਦੋਵੇਂ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਬਣੇ। ਮਨੋਵਿਗਿਆਨੀ ਫਰਾਇਡ ਨੇ ਵਿਆਕਤੀ ਅਤੇ ਸਮਾਜ ਦੀਆਂ ਸਮੱਸਿਆਵਾਂ ਦਾ ਮੂਲ ਕਾਰਨ ਕਾਮ ਵਾਸ਼ਨਾ ਦੀ ਅਤ੍ਰਿਪਤੀ ਦੱਸਿਆ ਹੈ। ਕਰਤਾਰ ਸਿੰਘ ਦੁੱਗਲ ਉਸ ਤੋਂ ਪ੍ਰਭਾਵਿਤ ਹੋ ਕੇ ਪ੍ਰਕ੍ਰਿਤਕਵਾਦ ਦਾ ਧਾਰਨੀ ਹੋ ਗਿਆ ਹੈ। ਗੁਰਚਰਨ ਸਿੰਘ ਦੀਆਂ ਕਹਾਣੀਆਂ ਵਿਚ ਵੀ ਇਹੋ ਅੰਸ਼ ਪ੍ਰਧਾਨ ਹੈ। ਮਨੋਵਿਗਿਆਨਕ ਕਹਾਣੀਆਂ ਲਿਖਣ ਵਿਚ ਦੁੱਗਲ ਸਭ ਤੋਂ ਮੁਹਰੀ ਹੈ, ਉਸ ਤੋਂ ਬਿਨਾਂ ਸੇਖੋਂ, ਵਿਰਕ, ਦੇਵਿੰਦਰ, ਸੁਖਬੀਰ, ਅੰਮ੍ਰਿਤਾ ਪ੍ਰੀਤਮ, ਜੋਸ਼ੀ ਤੇ ਸਰਨਾ [ਜਸਵੀਰ ਰਾਣਾ] ਆਦਿ ਦੀਆਂ ਕਹਾਣੀਆਂ ਵਿਚ ਮਨੋਵਿਗਿਆਨਕ ਸੂਝ ਪ੍ਰਤੱਖ ਦਿਸਦੀ ਹੈ।"[4]*

ਪ੍ਰੋ. ਅਤਰ ਸਿੰਘ ਲਿਖਦੇ ਹਨ ਕਿ,

> *"ਉਸ ਨੇ ਆਪਣੇ ਅਨੁਭਵ ਦੀ ਵਿਸ਼ਾਲਤਾ ਨਾਲ ਆਪਣੀ ਦ੍ਰਿਸ਼ਟੀ ਨੂੰ ਇਕ ਨਿਸਚਿਤ ਦ੍ਰਿਸ਼ਟੀਕੋਣ ਵਿਚ ਵੀ ਬਦਲਿਆ ਹੈ। ਉਸ ਦਾ ਦ੍ਰਿਸ਼ਟੀਕੋਣ ਮਨੋ-ਵਿਗਿਆਨ ਤੇ ਸਮਾਜੀ ਵਿਗਿਆਨ ਦੇ ਵਿਚਕਾਰ ਇਕ ਸੰਤੁਲਿਤ ਸਬੰਧ ਲੱਭਣ ਤੋਂ ਸੰਭਵ ਹੋਇਆ ਹੈ ਤੇ ਇਸੇ ਲਈ ਉਹ ਵਿਅੱਕਤੀ-ਗਤ ਅਨੁਭਵ ਦੇ ਸਮਾਜਕ ਪਰੇਰਕਾਂ ਤੇ ਸਮਾਜਕ ਵਿਵਹਾਰ ਦੇ ਅਚੇਤ ਮਾਨਸਕ ਉਤੇਜਕਾਂ ਦਾ ਪਿਛੋਕੜ ਅੱਖੋਂ ਉਹਲੇ ਨਹੀਂ ਕਰਦਾ। ਜਿੱਥੇ ਤੂੜੀ ਦੀ ਪੰਡ ਤੇ ਉਜਾੜ ਨਾਂ ਦੀਆਂ ਕਹਾਣੀਆਂ ਖੇਰੂੰ ਖੇਰੂੰ ਹੋ ਰਹੇ ਪੇਂਡੂ ਭਾਈਚਾਰੇ ਨੂੰ ਵਿਅੱਕਤੀ ਦੇ ਅਨੁਭਵ ਵਿਚ ਆ ਰਿਹਾ ਪੇਸ਼ ਕਰਦਾ ਹੈ, ਉਥੇ ਮੈਨੂੰ ਜਾਣਨੈਂ, ਚਾਚਾ ਤੇ ਛਾਹ ਵੇਲਾ ਵਿਚ ਅਤ੍ਰਿਪਤ ਕਾਮਨਾਵਾਂ ਦੇ ਮਨੁੱਖੀ ਚਰਿੱਤਰ ਲਈ ਘਾਤਕ ਪੱਖਾਂ ਨੂੰ ਵੀ ਉਘਾੜਦਾ ਹੈ। ਪਾਕਿਸਤਾਨ ਦੀਆਂ ਕਹਾਣੀਆਂ ਵਿਚ ਵੀ ਉਹ ਵੰਡ ਦੇ ਮਨੁੱਖ ਨੂੰ ਨਿਰ –ਚਰਿਤਰ ਕਰਨ ਵਾਲੇ ਪੱਖ ਨੂੰ ਉਘਾੜ ਕੇ ਜੀਵਨ ਦੀ ਜੀਊਂਦੇ ਰਹਿਣ ਦੀ ਲਾਲਸਾ ਤੇ ਸਮਰੱਥਾ ਪਰਗਟਾ ਜਾਂਦਾ ਹੈ। ਇਹ ਮੇਰੇ ਵਿਚਾਰ ਵਿਚ ਵੰਡ ਦੇ ਮਾਰੂ ਕਾਂਡ ਦੇ ਦੁਖਾਂਤ ਵਿਚੋਂ ਵੀ ਮਨੁੱਖਤਾ ਲਈ ਸਾਰਥਕਤਾ ਲੱਭਣ ਦਾ ਪੰਜਾਬੀ ਸਾਹਿੱਤ ਵਿਚ ਪਹਿਲਾ ਸਫ਼ਲ ਯਤਨ ਹੈ।"[5]*

ਸੋ, ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕੁਲਵੰਤ ਸਿੰਘ ਦੀਆਂ ਕਹਾਣੀਆਂ ਮਨੁੱਖੀ ਵੇਦਨਾ ਅਤੇ ਭਾਵਨਾਵਾਂ ਦੀ ਸਫ਼ਲ ਪੇਸ਼ਕਾਰੀ ਹਨ ਵਿਰਕ ਦੀ ਕਹਾਣੀ ਇਕਦਮ ਸ਼ੁਰੂ ਹੋ ਕੇ ਬੜੀ ਹੀ ਖੂਬਸੂਰਤੀ ਨਾਲ ਜੀਵਨ ਵਿਚ ਵਿਚਰ ਰਹੇ ਪਾਤਰਾਂ ਦੀ ਪੇਸ਼ਕਾਰੀ ਦੇ ਉਦੇਸ਼ ਦੀ ਪੂਰਤੀ ਨਾਲ ਮੱਧ ਤੱਕ ਅੱਪੜਦੀ ਹੈ ਅਤੇ ਪਾਤਰਾਂ ਦੇ ਸੁਭਾ ਬਾਰੇ ਸਮੁੱਚੀ ਜਾਣਕਾਰੀ ਦੇ ਜਾਂਦੀ ਹੈ। ਕਹਾਣੀ ਦੇ ਅੰਤ ਦੀ ਪੇਸ਼ਕਾਰੀ ਸੁਝਾਅ ਪੂਰਨ ਅਤੇ ਸੰਕੇਤਕ ਹੋਣ ਕਾਰਨ ਕਹਾਣੀ ਹੋਰ ਵਧੇਰੇ ਪ੍ਰਭਾਵੀਂ ਹੋ ਜਾਂਦੀ ਹੈ ਅਤੇ ਪਾਠਕ ਦੇ ਅਚੇਤ ਮਨ ਉੱਤੇ ਮਨੁੱਖੀ ਕਦਰਾਂ-ਕੀਮਤਾਂ ਦਾ ਕੋਈ ਗਹਿਰਾ ਅਸਰ ਛੱਡ ਜਾਂਦੀ ਹੈ।

## *ਹਵਾਲੇ ਅਤੇ ਟਿੱਪਣੀਆਂ*

1. *ਕੁਲਵੰਤ ਸਿੰਘ ਵਿਰਕ, ਕਹਾਣੀ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979, ਪੰਨਾ: 23*
2. *ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਸਮੀਖਿਆ ਸਿਧਾਂਤ, ਸੇਧ ਪ੍ਰਕਾਸ਼ਨ, ਪਟਿਆਲਾ 1984, ਪੰਨਾ: 139*

3. ਕੁਲਵੰਤ ਸਿੰਘ ਵਿਰਕ, ਕਹਾਣੀ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1979, ਪੰਨਾ:29-30
4. ਬਿਕਰਮ ਸਿੰਘ ਘੁੰਮਣ, ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1987, ਪੰਨਾ: 62
5. ਕੁਲਵੰਤ ਸਿੰਘ ਵਿਰਕ, ਦੁਆਦਸ਼ੀ, ਆਰਸੀ ਪਬਲਿਸ਼ਰਜ਼, ਦਿੱਲੀ 2003, ਪੰਨਾ: 8

***Cite this Article-***

*ਡਾ. ਬੇਅੰਤ ਕੌਰ (Dr. Beant Kaur), ਕਹਾਣੀ ਕਲਾ ਅਤੇ ਕੁਲਵੰਤ ਸਿੰਘ ਵਿਰਕ: ਇੱਕ ਵਿਸ਼ਲੇਸ਼ਣਾਤਮਿਕ ਅਧਿਐਨ (KAHANI KLA ATE KULWANT SINGH VIRK: IK VISHLESHNATMIK ADHIYAIN), ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 61-65.*

***Journal URL:*** ***www.armaan.org.in***

***DOI: https://doi.org/10.64119/armaan.vol.3.issue2.10***

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*